# ਮਹਾਂ ਚਾਨਣ

## (ਗੁਰਮਤ ਸਬੰਧੀ ਲੈਕਚਰ)

مہاں چانن

ਲੇਖਕ—

ਪ੍ਰਿੰਸੀਪਲ ਗੰਗਾ ਸਿੰਘ ਫ਼ਿਲਾਸਫ਼ਰ
ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

ਕੀਮਤ ੩॥)

9
276
30685

# ਇਸ ਕਲਮ ਦੀਆਂ ਹੋਰ ਪੁਸਤਕ

**ਜੀਵਨ ਕਿਰਨਾਂ**—ਮਹਾਂ ਪੁਰਸ਼ਾਂ ਦੇ ਜੀਵਨ ਅਤੇ ਉਨ੍ਹਾਂ ਦੇ ਚ
ਮਜ਼ਹਬਾਂ ਦੇ ਅਸੂਲ ਅਤੇ ਫਿਲਾਸਫਾ।

**ਪ੍ਰੀਤ ਰੀਤ**--ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਦਾ ਟੀਕ
ਵਿਆਖਯਾ।

**ਰੰਗ ਤ੍ਰੰਗ**—ਰੁਬਾਈਆਂ ਦੀ ਸ਼ਕਲ ਵਿਚ ਇੱਕ ਪਵਿੱਤ੍ਰ ਦਰਿਅ
ਜਲ ਧਾਰਾ ਹੈ।

**ਜਪੁਜੀ ਵਿਆਖਯਾ**—ਜਪੁਜੀ ਸਾਹਿਬ ਦੀ ਹਰ ਇਕ ਪਉੜੀ
ਲੜੀ ਅਨੁਸਾਰ ਵਿਆਖਯਾ ਹੈ।

**ਕਥਾ ਬਾਰਾਂ ਮਾਹ**--ਮਾਝ ਰਾਗ ਦੇ ਬਾਰਾਂ ਮਾਂਹ ਦੇ ਅਰਥ
ਹਰ ਮਹੀਨੇ ਦੀ ਕਥਾ।

**ਨੌਂ ਰਤਨ**—ਕਹਾਣੀਆਂ।

---

ਦੀ "ਮਿਨਰਵਾ ਪ੍ਰੈਸ" ਅੰਮ੍ਰਿਤਸਰ ਵਿਚ
ਮੈਨੇਜਰ ਗੁਰਕੀਰਤ ਸਿੰਘ 'ਭਾਈ' ਦੇ ਪ੍ਰਬੰਧ ਨਾਲ ਛਪੀ
ਤੇ ਗਿਆਨੀ ਤ੍ਰਿਲੋਕ ਸਿੰਘ ਨੇ ਪ੍ਰਕਾਸ਼ਤ ਕੀਤੀ॥

# ਕੁਝ ਜ਼ਰੂਰੀ

ਪ੍ਰਚਾਰਕ, ਗ੍ਰੰਥੀ, ਆਤਮਿਕ ਗਿਆਨ ਦੇ ਖੋਜੀ ਅਤੇ ਸਿੱਖ ਧਰਮ ਦੇ ਵਿਦਿਆਰਥੀ ਚਿਰਾਂ ਤੋਂ ਇਹ ਲੋੜ ਮਹਿਸੂਸ ਕਰ ਰਹੇ ਸਨ ਕਿ ਸ੍ਰੀ ਮਾਨ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਲੈਕਚਰਾਂ ਦਾ ਸੰਗ੍ਰਹਿ ਛਾਪਿਆ ਜਾਵੇ, ਜਿਸ ਵਿਚ ਉਨ੍ਹਾਂ ਨੇ ਗੁਰਮਤ ਅਤੇ ਸਿਖੀ ਦੇ ਆਦਰਸ਼ਕ ਜੀਵਨ ਉਤੇ ਬੜੀ ਡੂੰਘੀ ਵਿਚਾਰ ਕੀਤੀ ਹੈ। ੧੯੪੦ ਵਿਚ ਇਹ ਸੰਗ੍ਰਹਿ ਇਕੱਠਾ ਕੀਤਾ ਗਿਆ, ਪਰ ਇਸ ਦੇ ਛਪਣ ਵਿਚ ਕਈ ਰੁਕਾਵਟਾਂ ਪੈਂਦੀਆਂ ਰਹੀਆਂ। ਜਿਉਂ ਜਿਉਂ ਛਪਣ ਵਿਚ ਦੇਰ ਹੁੰਦੀ ਰਹੀ ਤਿਉਂ ਤਿਉਂ ਇਸ ਪੁਸਤਕ ਦੀ ਮੰਗ ਵਧਦੀ ਗਈ। ਲੈਕਚਰਾਂ ਦੀ ਮੰਗ ਅਕਾਲ ਪੁਰਖ ਦੀ ਮਹਾਨ ਕ੍ਰਿਪਾ ਨਾਲ ਅਜ ਇਹ ਪੂਰੀ ਕਰ ਰਹੇ ਹਾਂ। ਸਾਡੀ ਤਾਂ ਇਹ ਰੀਝ ਸੀ ਕਿ ਸਾਰੇ ਲੈਕਚਰ ਇਕੋ ਹੀ ਜਿਲਦ ਵਿਚ ਛਾਪ ਦਿਤੇ ਜਾਣ ਪਰ ਕਾਗਜ਼ ਦੀ ਕਮੀਂ ਦੇ ਕਾਰਨ ਇਤਨੇ ਛਪ ਸਕੇ ਹਨ ਅਤੇ ਬਾਕੀ ਦੇ ਛੇਤੀ ਹੀ ਦੂਸਰੀ ਪੁਸਤਕ ਦੇ ਰੂਪ ਵਿਚ ਸੰਗਤਾਂ ਦੀ ਭੇਟਾ ਕੀਤੇ ਜਾਣਗੇ।

ਕੁਝ ਕੁ ਜ਼ਰੂਰੀ ਕਾਰਨਾਂ ਦੇ ਕਾਰਨ ਫਾਰਸੀ ਤੇ ਉਰਦੂ ਦੇ ਬੈਂਤਾਂ ਵਿਚ ਕੁਝ ਕੁ ਭੁਲਾਂ ਰਹਿ ਗਈਆਂ ਹਨ ਉਨ੍ਹਾਂ ਨੂੰ ਸੋਧ ਕੇ ਸਫ਼ੇਵਾਰ ਬੇਂਤ ਦੀ ਪੂਰੀ ਸਤਰ ਨੂੰ ਹੇਠਾਂ ਦਿੱਤਾ ਜਾਂਦਾ ਹੈ, ਪਾਠਕ ਜਨ ਪੁਸਤਕ ਪੜ੍ਹਨ ਤੋਂ ਪਹਿਲਾਂ ਸੋਧ ਲੈਣ:—

| ਸਫ਼ਾ | ਸਤਰ |
|---|---|
| ੧੩ | ਯਕ ਦਮ ਬਖੇਸ਼ ਰਾ ਨ ਬੁਰਦਮ ਕਿ 'ਕੀਸਤਮ'। |
| | ਐਵਾਇ ਨਕਦੇ ਜ਼ਿੰਦਗੀਅਮ 'ਰਾਇਗਾ' ਗੁਜ਼ਸਤ। |
| ੨੦ | ਲੇ ਗਈ 'ਯਕ' ਬਾਰਗੀ, ਗ਼ੋਰੇ ਗਰੀਬਾਂ ਕੀ ਤਰਫ। |
| | ਜਿਸ ਜਗਾ ਜਾਨੇ ਤਮਨਾ ਸੌ ਤਰਹ ਮਹਵੂਸ ਹੈ। |
| | ਮਰ ਕਦੇ ਦੋ ਤੀਨ ਦਿਖਲਾਕਰ, ਮੁਝੇ ਕਹਨੇ ਲਗੀ। |
| | ਯਹ ਸਕੰਦਰ ਹੈ ਯਹ ਦਾਰਾ ਹੈ ਯਹ ਕੈਕਾਊਸ ਹੈ। |

੨੩ ਰੂਹ ਕੋ 'ਰਾਹਿ ਅਦਮ' ਮੇਂ ਅਪਨਾ ਤਨ ਯਾਦਆਇਆ।
੨੬ ਹੈ ਦੇਖਨਾ 'ਯੇਹੀ' ਨ ਦੇਖਾ ਕਰੇ ਕੋਈ।
੩੦ ਚਮਕ ਤੇਰੀ 'ਅਯਾਂ' ਬਿਜਲੀ ਮੇਂ ਆਤਸ਼ ਮੇਂ 'ਸ਼ਰਾਰੇ' ਮੇਂ।
੪੦ ਬਾਸ ਰਹਿਓ ਹੀਅਰੈ ਕੇ ਸੰਗੇ ਪੇਖ ਮੋਹਿਓ ਮਨ 'ਲੀਲਾ'।
੪੬ ਜੋ 'ਉਧਰ' ਕਹਿਕੇ ਚਲਾ ਥਾ ਵੋਹ ਇਧਰ ਭੂਲ ਗਿਆ।
੬੧ ਬਹਿ ਸ਼ਤੇ ਹੂਰੋ 'ਗ਼ਿਲਮਾ', ਇਵਜ਼ੇ ਤਾਇਤ ਮੈ ਨ ਮਾਨੂੰਗਾ।
੬੫ ਅਕਲ ਇਧਰ ਮਹਵੇ ਤਮਾਸ਼ਾ ਹੀ ਲਬੇ ਬਾਮ ਰਹੀ।
੭੨ ਇਹ ਭਾਵ ਮੀਆਂ 'ਮਿਠੇ ਤੇਰੇ' ਅਸੂਲ ਦਾ ਏ।
੭੮ ਵਡਾ ਸਾਂਗ ਵਰਤਾਇਆ ਲਖ ਨ ਸਕੇ 'ਕੁਦਰਤ' ਕੋਈ।
ਪੁਛਣ ਖੋਲ ਕਿਤਾਬ ਨੂੰ, ਵਡਾ ਹਿੰਦੂ ਕਿ ਮੁਸਲਮਾਨੋਈ।
... ... ...ਰਾਹ ਸ਼ੈਤਾਨੀ 'ਦੁਨੀਆ' ਗੋਈ।
੮੫ ਸੁਣ ਮੁੰਧੇ ਹਰਣਾਖੀਏ ਗੂੜਾ ਵੈਣ ਅਪਾਰ।
੯੧ ਫੇਰ ਦੀਆ ਦੇਹਰਾ ਨਾਮੇ ਕਾ ਪੰਡੀਅਨ ਕਉ ਪਿਛਵਾਰਲਾ।
੧੦੧ ਆਜਹੀਆਜਸਮੇ ਸੁ ਬਿਤਿਓ ਨਹਿ 'ਕਾਜ ਸਰਿਓ' ਕਛ ਲਾਜ ਨ ਆਈ।
...ਜੌ ਜਗ ਤੈ ਕਰ ਹੈ ਤਪ ਸਾ, ਕਛ ਤੋਹਿ ਪ੍ਰਸੰਨ ਨ ਪਾਹਨ ਕੈ ਹੈ।
੧੬੮ 'ਦਸ ਨਖ ਕਰ' ਜੋ ਕਾਰ ਕਮਾਵੈ। ਤਾ ਕਰ ਜੋ ਧਨ ਘ ਰਮੈਂ ਆਵੈ।
੧੯੩ ... ... ... ...ਬਹੁ ਸਰਧਾ ਲਾਇ ਮੁਖ ਧੂੜਾ।
੨੫੫ ਕਾਂਸ਼ੀ ਕਾਂਤੀ ਦੁਆਰਵਤੀ ਮਇਆ ਮਥਰਾ
'ਅਜੁਧਿਆ' ਗੋਮਤੀ ਅਵੰਤਕਾ ਕੇਦਾਰ 'ਹੇਮਸਰ' ਹੈ।
੨੮੮ ਗ਼ੈਰ ਕੀ ਆਂਖੇਂ ਸਿਕੇ ਅਪਨਾ ਦਿਲੇ ਮੁਜ਼ਤਰ ਜਲੇ।
੨੯੬ 'ਅਨ ਕਉ ਮਤੀ' ਦੇ ਚਲੇ ਮਾਇਆ ਕਾ ਵਾਪਾਰ।
੨੯੯ ਆਂ ਹਜੂਮੇ ਬਿਹ ਕਿ ਹਕ 'ਬੁਨਿਆਦ ਓਸਤ'।

ਦਾਸ–ਮੈਨੇਜਰ ਸਿਖ ਸਾਹਿੱਤ ਭਵਨ,
ਡਾਕਖਾਨਾ ਖਾਲਸਾ ਕਾਲਜ ਅੰਮ੍ਰਿਤਸਰ

# ਮਜ਼ਹਬ ਦੀ ਲੋੜ

੧.

ਸਸਾਰ ਦੀ ਇਸ ਵਕਤ ਜੋ ਦੀਨ ਦਸ਼ਾ ਹੋ ਰਹੀ ਹੈ, ਉਹ ਕਿਸੇ ਤੋਂ ਗੁਝੀ ਛਿਪੀ ਨਹੀਂ। ਉਹ ਦਿਨ ਰਾਤ ਦੁਖੀਆਂ ਦਰਦਵੰਦਾਂ ਦੀ ਪੁਕਾਰ, ਤੇ ਅਨਿਆਈ, ਜਰਵਾਨਿਆਂ ਦਿਆਂ. ਸ਼ਸਤਰਾਂ ਦੀ ਖੜਕਾਰ ਤੋਂ ਸਾਫ ਪ੍ਰਗਟ ਹੋ ਰਹੀ ਹੈ। ਸੰਸਾਰ ਦਾ ਮਨੁੱਖ ਇਸ ਜੀਵਨ ਤੋਂ ਤੰਗ ਆਇਆ ਹੋਇਆ ਹੈ। ਉਸਦੇ ਜੀਵਨ ਨੂੰ ਰਾਜਨੀਤਕ ਫਿਕਰਾਂ, ਭਾਈਚਾਰਕ ਬੇਲੋੜਵੇਂ ਬੰਧਨਾਂ ਤੇ ਆਰਥਿਕ ਥੁੜਾਂ ਨੇ ਅਜੇਹਾ ਤਲਖ ਕਰ ਦਿਤਾ ਹੈ, ਕਿ ਉਸਦੀ ਹਾਲਤ ਡਾਹਢੀ ਤਰਸ ਯੋਗ ਹੈ। ਕਿਸੇ ਕਵੀ ਨੇ ਉਸਦਾ ਨਕਸ਼ਾ ਇਨਾਂ ਦਰਦ ਭਰੇ ਅੱਖਰਾਂ ਵਿਚ ਖਿਚਿਆ ਹੈ।

"ਕਬਾਬੇ ਸੀਖ ਹੈਂ, ਹਮ ਕਰਵਟੇਂ ਹਰਸੂ ਬਦਲਤੇ ਹੈਂ।
ਜੋ ਜਲ ਜਾਤਾ ਹੈ ਯਿਹ ਪੈਹਲੂਤੋਂ ਵੋਹੁ ਪੈਹਲੂ ਬਦਲਤੇ ਹੈਂ।

ਬਿਲਲਾ ਰਹੇ ਜੀਵਨ ਨੂੰ ਤੱਕ ਕੇ, ਕਵੀ ਦਾ ਦਰਦ ਭਰਿਆ ਦਿਲ ਦ੍ਰਵ ਗਿਆ ਹੈ, ਤੇ ਉਸਨੇ ਮਾਨੁਖ ਮਨ ਦੀ ਇਹ ਤਸਵੀਰ ਖਿੱਚੀ ਹੈ ਕਿ ਉਹ ਕਬਾਬ ਦੀ ਸੀਖ ਵਾਂਗੂੰ ਸਮੇਂ ਦੀ ਅੰਗੀਠੀ ਵਿਚੋਂ ਗ਼ਮਾਂ, ਫ਼ਿਕਰਾਂ, ਝੂਰੇਵਿਆਂ ਤੇ ਅੰਦੇਸਿਆਂ ਦੇ ਭਖਦੇ ਹੋਏ ਅੰਗਾਰਾਂ ਤੇ ਤਕਦੀਰ ਨੇ ਧਰਿਆ ਹੋਇਆ ਹੈ। ਕਬਾਬ ਦੀ ਸੀਖ ਵਾਂਗਰ ਜਦੋਂ ਉਸਦਾ ਇਕ ਬੰਨਾ ਭੁਜ ਜਾਂਦਾ ਹੈ ਤਾਂ ਦੂਸਰਾ ਉਲਟਾ ਕੇ ਅੰਗਾਰਾਂ ਵੱਲ ਕਰ ਦਿਤਾ ਜਾਂਦਾ ਹੈ। ਇਸ ਮਨੁੱਖ ਜੀਵਨ ਦੀ ਇਸ ਦੁਖੀ ਦੁਨੀਆਂ ਦੀ ਅਵਸਥਾਂ ਦਾ ਨਕਸ਼ਾ ਕਿਸੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.